# ਪੰਜਾਬ ਸਕੂਲ ਸਿੱਖਿਆ ਬੋਰਡ

**ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਸੋਧ ਕਰਾਉਣ ਲਈ ਫਾਰਮ**

(ਜ਼ਰੂਰੀ ਹਦਾਇਤਾਂ ਪਿਛਲੇ ਪੰਨੇ ਤੇ ਪੜ੍ਹੋ)

1 ਅਪ੍ਰੈਲ 2014 ਤੋਂ ਲਾਗੂ

ਤਸਦੀਕ ਸ਼ੁਦਾ

ਪਾਸਪੋਰਟ

ਸਾਈਜ਼ ਫੋਟੋ

ਚੈੱਕ ਲਿਸਟ :-

1) ਪ੍ਰੀਖਿਆਰਥੀ ਦਾ ਅਸਲ ਜਨਮ ਸਰਟੀਫਿਕੇਟ ( ਜੋ ਕਿ ਸੋਧ ਹੋਣ ਉਪਰੰਤ ਵਾਪਸ ਨਹੀਂ ਕੀਤਾ ਜਾਵੇਗਾ। 2) ਰਾਸ਼ਨ ਕਾਰਡ/ ਅਧਾਰ ਕਾਰਡ (ਤਸਦੀਕ ਕਾਪੀ) 3) ਹਲਫੀਆ ਬਿਆਨ ਪਹਿਲਾ ਦਰਜਾ ਮੈਜਿਸਟ੍ਰੇਟ ਵੱਲੋਂ ਤਸਦਕੀਸ਼ੁਦਾ ਪਿਤਾ ਜਾਂ ਮਾਤਾ ਵੱਲੋਂ ਬਾਕੀ ਬੱਚਿਆਂ ਦੇ ਨਾਮ ਅਤੇ ਜਨਮ ਮਿਤੀਆਂ ਸਬੰਧੀ 4) ਵੋਟਰ ਕਾਰਡ (ਤਸਦੀਕ ਕਾਪੀ) 5) ਯੋਗਤਾ ਸਰਟੀਫਿਕੇਟ(ਅਸਲ) ਪੰਜਵੀਂ/ਅੱਠਵੀਂ/ਦਸਵੀਂ/+2 ਦੇ 6) ਗਲਤੀ ਹੋਣ ਸੰਬੰਧੀ ਬਿਨੈਕਾਰ ਦਾ ਸਪੱਸ਼ਟੀਕਰਣ 7) ਭੈਣ ਭਰਾਵਾਂ ਦੇ ਜਨਮ ਸਰਟੀਫਿਕੇਟਾਂ/ਯਗਤਾ ਸਰਟੀਫਿਕੇਟਾਂ ਦੀਆਂ ਤਸਦੀਕ ਫੋਟੋ ਕਾਪੀਆਂ 7) ਹਦਾਇਤਾਂ ਅਨੁਸਾਰ ਸੋਧੇ ਸਕੂਲ ਰਿਕਾਰਡ ਦੀਆਂ ਸਮਰੱਥ ਅਧਿਕਾਰੀ ਵੱਲੋਂ ਪੂਰੀ ਹਸਤਾਖਰ ਕੀਤੀਆਂ ਫੋਟੋਕਾਪੀਆਂ

ਜਿਲ੍ਹੇ ਦਾ ਨਾਂ ______

ਜੋ ਸੋਧ ਕਰਵਾਉਣੀ ਹੈ, ਖਾਨੇ ਨੂੰ ਟਿੱਕ ਕੀਤਾ ਜਾਵੇ।

1. ਜਨਮ ਮਿਤੀ ☐ 3. ਮਾਤਾ ਦਾ ਨਾਂ ☐

2. ਪਿਤਾ ਦਾ ਨਾਂ ☐

**ਫੀਸ ਦਾ ਵੇਰਵਾ**

ਸਥਾਨ ______

ਰਕਮ ☐☐☐☐

ਰਸੀਦ ਨੰਬਰ ☐☐☐☐☐☐

ਮਿਤੀ ☐☐☒☐☐☒☐☐

**ਦਫਤਰ ਵੱਲੋਂ ਲਗਾਇਆ ਜਾਵੇਗਾ**

ਕੇਸ ਨੰ :......................

ਡਾਇਰੀ ਨੰ :..................
(ਸਿੰਗਲ ਵਿੰਡੋ)
ਮਿਤੀ :..........................

ਪ੍ਰੀਖਿਆਰਥੀ ਦਾ ਨਾਂ ..........................................................................................

ਪਤਾ ..........................................................................................

.......................................................................... ਜਿਲ੍ਹਾ ..........................

**ਪ੍ਰੀਖਿਆਰਥੀ ਦੇ ਵੇਰਵੇ Student Details (IN CAPITAL LETTER)**

| | ਪੁਰਾਣੇ ਵੇਰਵੇ Old Details | ਨਵੇਂ ਵੇਰਵੇ New Details |
|---|---|---|
| ਪਿਤਾ ਦਾ ਨਾਂ | | |
| ਮਾਤਾ ਦਾ ਨਾਂ | | |
| Father's Name | | |
| Mother's Name | | |
| Date of Birth | ☐☐☒☐☐☒☐☐☐☐ | ☐☐☒☐☐☒☐☐☐☐ |

Name ______ Gender Male ☐ Female ☐

Mobile No ☐☐☐☐☐☐☐☐☐☐ STD Code ☐☐☐☐☐ Phone No ☐☐☐☐☐☐☐☐

E-Mail ______

| ਕਲਾਸ | ਸਾਲ/ਸ਼ੈਸ਼ਨ (ਮਾਰਚ/ਸਤੰਬਰ) | ਰੋਲ ਨੰਬਰ | ਸਕੂਲ ਦਾ ਨਾਂ | ਦਾਖਲ ਹੋਣ ਦਾ ਸਾਲ | ਸਕੂਲ ਛੱਡਣ ਦਾ ਸਾਲ |
|---|---|---|---|---|---|
| ਪੰਜਵੀਂ | | | | | |
| ਅੱਠਵੀਂ | | | | | |
| ਦਸਵੀਂ | | | | | |
| ਬਾਰਵੀਂ | | | | | |

ਸੋਧ ਕਰਵਾਉਣ ਦਾ ਕਾਰਨ ..........................................................................................

ਹੋਈ ਦੇਰੀ ਦਾ ਕਾਰਨ ਦੱਸਿਆ ਜਾਵੇ ..........................................................................

ਸਬੂਤ ਵਜੋ ਨੱਥੀ ਦਸਤਾਵੇਜ਼ : 1..........................2..........................3..........................

4..........................5..........................6..........................7..........................

ਮੈਂ ਸੱਚੇ ਦਿਲੋਂ ਬਿਆਨ ਕਰਦਾ/ਕਰਦੀ ਹਾਂ ਕਿ ਇਹ ਫਾਰਮ ਮੈਂ ਖੁਦ ਭਰਿਆ ਹੈ ਅਤੇ ਫਾਰਮ ਵਿੱਚ ਭਰੇ ਸਾਰੇ ਵੇਰਵੇ ਦਰੁਸਤ ਹਨ।ਮੈਂ ਤਸਦੀਕ ਕਰਦਾ/ ਕਰਦੀ ਹਾਂ ਕਿ ਮੇਰੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਕੇਸ ਦਰਜ ਹੈ।

ਪ੍ਰੀਖਿਆਰਥੀ ਦੇ ਪੂਰੇ ਹਸਤਾਖਰ (ਅੰਗਰੇਜ਼ੀ ਵਿੱਚ..........................) (ਪੰਜਾਬੀ ਵਿੱਚ ..........................)

ਬਿਨੈਕਾਰ ਦੀ ਜਨਮ ਮਿਤੀ ਅਤੇ ਪਿਤਾ/ਮਾਤਾ ਦਾ ਨਾਂ ..........................................................................

ਹੈ। ਬਿਨੈਕਾਰ ਨੇ ਮੇਰੀ ਹਾਜ਼ਰੀ ਵਿੱਚ ਹਸਤਾਖਰ ਕੀਤੇ ਹਨ।

ਸਕੂਲ ਮੁੱਖੀ/ਖੇਤਰ ਦੇ ਮੈਜਿਸਟਰੇਟ (ਪਹਿਲਾ ਦਰਜਾ) ਦੇ ਹਸਤਾਖਰ
(ਦਫਤਰੀ ਮੋਹਰ)

ਜੇਕਰ ਤੁਸੀਂ ਨੌਕਰੀ ਕਰਦੇ ਹੋ ਤਾਂ ਇਹ ਬਿਨੈ-ਪੱਤਰ ਆਪਣੇ ਨਿਯੁਕਤੀਕਾਰ ਤੋਂ ਤਸਦੀਕ ਕਰਵਾ ਕੇ ਸਕੱਤਰ, ਪੰਜਾਬ ਸਕੂਲ ਸਿੱਖਿਆ ਬੋਰਡ, ਐੱਸ.ਏ.ਐੱਸ. ਨਗਰ (ਮੋਹਾਲੀ) ਨੂੰ ਅਗਲੀ ਕਾਰਵਾਈ ਹਿੱਤ ਭੇਜਿਆ ਜਾਵੇ ਅਤੇ ਨਾਲ ਹੀ ਨਿਯੁਕਤੀਕਾਰ ਵਲੋਂ ਇਤਰਾਜ਼ਹੀਣਤਾ ( ਐਨ.ਓ.ਸੀ.) ਸਰਟੀਫਿਕੇਟ ਨੱਥੀ ਕੀਤਾ ਜਾਵੇ।

ਨਿਯੁਕਤੀਕਾਰ ਦੇ ਹਸਤਾਖਰ..........................
(ਦਫਤਰੀ ਮੋਹਰ)

ਮਿਤੀ..........................

**ਕੇਵਲ ਦਫਤਰੀ ਵਰਤੋਂ ਲਈ**

**ਸੋਧ ਪੱਤਰੀ ਦਾ ਵੇਰਵਾ**

ਸੋਧ ਪੱਤਰੀ ਨੰ. ______

ਮਿਤੀ ______

ਸਹਾਇਕ

**ਸੋਧ ਪੱਤਰੀ ਭੇਜਣ ਦਾ ਵੇਰਵਾ**

ਰਜਿਸਟਰਡ ਨੰ.

R P ☐☐☐☐☐☐☐☐☐ I N

ਕਲਰਕ ਮਿਤੀ ☐☐☒☐☐☒☐☐

**ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ**

ਨਾਂ..........................................................

ਪਿਤਾ ਦਾ ਨਾਂ ..........................................

ਪੂਰਾ ਪਤਾ ..............................................

..........................ਪਿੰਨ ਕੋਡ ..................

ਫੋਨ/ਮੋਬਾਈਲ ਨੰ:-........................................

**ਪੱਤਰ ਵਿਹਾਰ ਲਈ ਨਾਂ ਅਤੇ ਪੂਰਾ ਪਤਾ**

ਨਾਂ..........................................................

ਪਿਤਾ ਦਾ ਨਾਂ ..........................................

ਪੂਰਾ ਪਤਾ ..............................................

..........................ਪਿੰਨ ਕੋਡ ..................

ਫੋਨ/ਮੋਬਾਈਲ ਨੰ:-........................................

***** ਕੰਪਿਊਟਰ ਸੈੱਲ *****

## ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਸੋਧ ਸਬੰਧੀ ਹਦਾਇਤਾਂ

(ਬਿਨੈਕਾਰ ਜਨਮ ਮਿਤੀ/ਪਿਤਾ/ ਮਾਤਾ ਦੇ ਨਾਂ ਵਿੱਚ ਸੋਧ ਵਾਲਾ ਫਾਰਮ ਭਰਨ ਤੋਂ ਪਹਿਲਾਂ ਬੋਰਡ ਦੇ ਨਿਮਨਲਿਖਤ ਹਦਾਇਤਾਂ ਨੂੰ ਧਿਆਨ ਨਾਲ ਪੜ੍ਹੇ। ਸਾਰੀਆਂ ਪ੍ਰੀਖਿਆਵਾਂ ਵਾਸਤੇ ਕੇਵਲ ਇੱਕ ਹੀ ਸੋਧ ਫਾਰਮ ਭਰਿਆ ਜਾਵੇ।

1. ਕੋਈ ਵੀ ਪ੍ਰੀਖਿਆਰਥੀ ਬੋਰਡ ਤੋਂ ਪਾਸ ਕੀਤੀ ਅੰਤਿਮ ਪ੍ਰੀਖਿਆ ਤੋਂ 5 (ਪੰਜ) ਸਾਲ ਬਾਅਦ ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਦੀ ਸੋਧ/ਤਬਦੀਲੀ ਕਰਾਉਣ ਲਈ ਯੋਗ ਪਾਤਰ ਨਹੀਂ ਹੋਵੇਗਾ, ਜਦੋਂ ਤੱਕ ਇਸ ਸਬੰਧੀ ਬੋਰਡ ਵੱਲੋਂ ਕੋਈ ਵੱਖਰੇ ਤੌਰ ਤੇ ਪਬਲਿਕ ਨੋਟਿਸ ਜਾਰੀ ਨਹੀਂ ਕੀਤਾ ਜਾਂਦਾ। ਇਸ ਲਈ ਦਰੁਸਤੀ ਲਈ ਬਿਨੈਪੱਤਰ ਬੋਰਡ ਦਫਤਰ ਨਾ ਜਮ੍ਹਾਂ ਕਰਵਾਇਆ ਜਾਵੇ ਪਰ ਫਿਰ ਵੀ ਸਮੇਂ-ਸਮੇਂ ਸਿਰ ਸਮਾਂ ਸੀਮਾ ਦੀ ਸ਼ਰਤ ਲਈ ਫਾਰਮ ਭਰਨ ਤੋਂ ਪਹਿਲਾਂ ਬੋਰਡ ਦੀ **website** **www.pseb.ac.in** ਤੋਂ ਜਾਣਕਾਰੀ ਲੈ ਲਈ ਜਾਵੇ।

2. ਜਨਮ ਮਿਤੀ/ ਪਿਤਾ/ ਮਾਤਾ ਦੇ ਨਾਂ ਵਿੱਚ ਸੋਧ ਸਬੰਧੀ ਗਠਿਤ ਕੀਤੀ ਕਮੇਟੀ ਦੁਆਰਾ ਕੀਤੀਆਂ ਜਾਣ ਵਾਲੀਆਂ ਸੋਧਾਂ ਬੋਰਡ ਤੋਂ ਪਾਸ ਕੀਤੀ ਅੰਤਿਮ ਪ੍ਰੀਖਿਆ ਤੋਂ 5 ਸਾਲ ਦੇ ਅੰਦਰ-ਅੰਦਰ ਦੇਰੀ ਦੀ ਮੁਆਫੀ, ਬਿਨੈਕਾਰ ਵੱਲੋਂ ਤਸੱਲੀਬਖਸ਼ ਕਾਰਨ ਦੱਸਣ ਤੇ, ਸਮਰੱਥ ਅਧਿਕਾਰੀ ਵੱਲੋਂ ਦਿੱਤੀ ਜਾਵੇਗੀ। ਦੇਰੀ ਦੀ ਮੁਆਫ਼ੀ ਦੀ ਫੀਸ ਪ੍ਰੀਖਿਆਰਥੀ ਵੱਲੋਂ ਬੋਰਡ ਤੋਂ ਪਾਸ ਕੀਤੀ ਪਹਿਲੀ ਪ੍ਰੀਖਿਆ ਦੇ ਸਾਲ ਤੋਂ 500/-ਰੁਪਏ ਪ੍ਰਤੀ ਸਾਲ ਹੈ। ਇਸ ਤੋਂ ਇਲਾਵਾ ਜਨਮ ਮਿਤੀ/ ਪਿਤਾ ਅਤੇ ਮਾਤਾ ਦੇ ਨਾਂ ਦੀ ਸੋਧ ਫੀਸ 1000/- ਰੁਪਏ ਪ੍ਰਤੀ ਸੋਧ ਹੈ। ਇਹ ਫੀਸ ਕਿਸੇ ਵੀ ਸੂਰਤ ਵਿੱਚ ਵਾਪਿਸ ਨਹੀਂ ਕੀਤੀ ਜਾਵੇਗੀ। ਫੀਸ ਤੋਂ ਬਗੈਰ ਭੇਜਿਆ ਬਿਨੈ-ਪੱਤਰ ਫਾਰਮ ਪ੍ਰਵਾਨ ਨਹੀਂ ਹੋਵੇਗਾ । ਸੋਧ ਸਬੰਧੀ ਕੇਸ ਵਿਨਿਯਮਾਂ ਅਧੀਨ ਦਫ਼ਤਰ ਦੁਆਰਾ ਗਠਿਤ ਕਮੇਟੀ ਵੱਲੋਂ ਵਿਚਾਰੇ ਜਾਣਗੇ ਅਤੇ ਕਮੇਟੀ ਦਾ ਨਿਰਣਾ ਅੰਤਿਮ ਹੋਵੇਗਾ।

3. ਜੇਕਰ ਕਮੇਟੀ ਦੁਆਰਾ ਕੇਸ ਨਾ-ਮੰਨਜੂਰ/ਰੱਦ ਕਰ ਦਿੱਤਾ ਜਾਂਦਾ ਹੈ ਤਾਂ ਬਿਨੈਕਾਰ ਇਸ ਸੰਬੰਧੀ ਸੂਚਨਾ ਪੱਤਰ ਜਾਰੀ ਹੋਣ ਤੋਂ ਛੇ ਮਹੀਨੇ ਦੇ ਅੰਦਰ-ਅੰਦਰ ਕਮੇਟੀ ਦੇ ਨਿਰਣੇ ਵਿਰੁੱਧ ਚੇਅਰਪਰਸਨ/ ਚੇਅਰਮੈਨ, ਪੰਜਾਬ ਸਕੂਲ ਸਿੱਖਿਆ ਬੋਰਡ ਕੋਲ ਵਿਨਿਯਮਾਂ ਅਧੀਨ ਅਪੀਲ ਕਰ ਸਕਦਾ ਹੈ।

4. ਬਿਨੈ-ਪੱਤਰ ਫਾਰਮ ਦੇ ਨਾਲ ਪੰਜਵੀਂ, ਅੱਠਵੀਂ, ਦਸਵੀਂ ਅਤੇ ਬਾਰਵੀਂ ਦੇ ਅਸਲ ਸਰਟੀਫਿਕੇਟ ਨੱਥੀ ਕਰਨੇ ਲਾਜ਼ਮੀ ਹੋਣਗੇ। ਪ੍ਰੀਖਿਆਰਥੀ ਨੂੰ ਦੁਪਰਤੀ ਸਰਟੀਫਿਕੇਟ ਵੱਖਰੇ ਤੌਰ ਤੇ ਫੀਸ ਭਰ ਕੇ ਲੈਣੇ ਪੈਣਗੇ।

5. ਰੈਗੂਲਰ ਪ੍ਰੀਖਿਆਰਥੀਆਂ ਵੱਲੋਂ ਸੋਧ ਲਈ ਆਪਣਾ ਬਿਨੈ-ਪੱਤਰ ਉਸ ਸੰਸਥਾ ਦੇ ਮੁੱਖੀ ਰਾਹੀਂ ਭੇਜਿਆ ਜਾਵੇ ਜਿੱਥੇ ਬਿਨੈਕਾਰ ਨੇ ਸਭ ਤੋਂ ਅੰਤਿਮ ਪ੍ਰੀਖਿਆ ਪਾਸ ਕੀਤੀ ਹੋਵੇ। ਜਨਮ ਸਰਟੀਫਿਕੇਟ ਦੇ ਅਧਾਰ ਤੇ ਪਹਿਲਾਂ ਸੋਧ ਸਕੂਲ ਪੱਧਰ ਤੇ ਕਰਵਾਉਣੀ ਜਰੂਰੀ ਹੋਵੇਗੀ। ਸੋਧ ਲਈ ਬਿਨੈ-ਪੱਤਰ ਨਾਲ ਸਕੂਲ ਰਿਕਾਰਡ (ਦਾਖਲਾ ਖਾਰਜ ਰਜਿਸਟਰ) ਜਿਸ ਵਿੱਚ ਜਨਮ ਸਰਟੀਫਿਕੇਟ ਅਨੁਸਾਰ ਵੇਰਵਿਆਂ ਵਿੱਚ ਸੋਧਦਾ ਇੰਦਰਾਜ ਹੋਵੇ ਅਤੇ ਇਹ ਇੰਦਰਾਜ਼ ਸਰਕਾਰੀ ਸਕੂਲ ਅਤੇ ਸਹਾਇਤਾ ਪ੍ਰਾਪਤ ਸਕੂਲ (ਏਡਿਡ ਸਕੂਲ) ਦੇ ਪ੍ਰੀਖਿਆਰਥੀ ਸਕੂਲ ਦੇ ਪ੍ਰਿੰਸੀਪਲ ਤੋਂ ਤਸਦੀਕ ਕਰਵਾਉਣ ਉਪਰੰਤ ਸਬੰਧਤ ਜ਼ਿਲ੍ਹਾ ਸਿੱਖਿਆ ਅਫਸਰ (ਡੀ.ਈ.ਓ) ਤੋਂ ਤਸਦੀਕ ਕਰਵਾਉਣਗੇ। ਜਿਸਦੀ ਕਾਪੀ ਸਬੰਧਤ ਜਿਲੇ ਵਿੱਚ ਸਥਿਤ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਖੇਤਰੀ ਬੁੱਕ ਡਿਪੂ ਮੈਨੇਜਰ ਤੋਂ ਤਸਦੀਕ ਕਰਵਾਉਣਗੇ। ਇਸ ਤੋਂ ਇਲਾਵਾ ਬੋਰਡ ਨਾਲ ਐਫੀਲਿਏਟਿਡ/ਐਸੋਸੀਏਟਿਡ ਸਕੂਲਾਂ ਨਾਲ ਸਬੰਧਤ ਪ੍ਰੀਖਿਆਰਥੀ ਨੂੰ ਲੋੜੀਂਦੀ ਸੋਧ ਲਈ ਜਨਮ ਸਰਟੀਫਿਕੇਟ ਦੇ ਅਧਾਰ ਤੇ ਸਕੂਲ ਪੱਧਰ ਤੇ ਸੋਧ ਕਰਾਉਣੀ ਜਰੂਰੀ ਹੋਵੇਗੀ ਅਤੇ ਦਾਖਲਾ ਖਾਰਜ ਰਜਿਸਟਰ ਵਿੱਚ ਕੀਤੇ ਇੰਦਰਾਜ ਨੂੰ ਪੰਜਾਬ ਸਕੂਲ ਸਿੱਖਿਆ ਬੋਰਡ ਦੇ ਐਫੀਲੀਏਸ਼ਨ ਸ਼ਾਖਾ ਮੁੱਖੀ/ਐਸੋਸੀਏਟਿਡ ਸ਼ਾਖਾ ਮੁੱਖੀ ਤੋਂ ਪ੍ਰਤੀ-ਹਸਤਾਖਰ ਕਰਵਾਉਣਗੇ। ਹਦਾਇਤਾਂ ਮੁਤਾਬਕ ਨਾਲ ਨੱਥੀ ਚੈੱਕ ਲਿਸਟ ਵਾਲੇ ਦਸਤਾਵੇਜਾਂ ਸਮੇਤ ਬੋਰਡ ਦਫਤਰ ਨੂੰ ਭੇਜਿਆ ਜਾਵੇ। ਉਸ ਉਪਰੰਤ ਬੋਰਡ ਵੱਲੋਂ ਨਿਰਧਾਰਤ ਪ੍ਰੋਫਾਰਮੇ ਤੇ ਛਪੀਆਂ ਹਦਾਇਤਾਂ ਅਨੁਸਾਰ ਪ੍ਰੋਸੀਜ਼ਰ ਅਡਾਪਟ ਕੀਤਾ ਜਾਵੇਗਾ।

6. ਉਹ ਪ੍ਰੀਖਿਆਰਥੀ ਜਿਨਾਂ ਨੇ ਕਿਸੇ ਪ੍ਰਵਾਨਿਤ ਸਕੂਲ ਵਿੱਚ ਪੜ੍ਹਾਈ ਨਹੀ ਕੀਤੀ ਉਹਨਾਂ ਲਈ ਆਪਣਾ ਬਿਨੈ-ਪੱਤਰ ਫਾਰਮ ਪਹਿਲਾ ਦਰਜਾ ਮੈਜਿਸਟਰੇਟ/ ਸਰਕਾਰੀ ਸਕੂਲ ਤੋਂ ਤਸਦੀਕ ਕਰਵਾਉਣਾ ਅਤੇ ਮੁੱਢਲੀ ਸ਼੍ਰੇਣੀ ਜਿੱਥੇ ਪ੍ਰੀਖਿਆਰਥੀ ਨੇ ਜੇ ਕਦੇ ਵੀ ਦਾਖਲਾ ਲਿਆ ਹੋਵੇ ਉਸ ਸੰਸਥਾ ਦੇ ਰਿਕਾਰਡ ਵਿੱਚ ਸੋਧ ਕਰਵਾਉਣ ਅਤੇ ਸਮਰੱਥ ਅਧਿਕਾਰੀ ਤੋਂ ਪ੍ਰਤੀ ਹਸਤਾਖਰ ਕਰਵਾਉਣ ਉਪਰੰਤ ਸੋਧੇ ਰਿਕਾਰਡ ਸਮੇਤ ਬੋਰਡ ਦਫਤਰ ਵਿੱਚ ਸੋਧ ਲਈ ਭੇਜਣਾ ਲਾਜਮੀ ਹੋਵੇਗਾ।

7. ਜਨਮ ਮਿਤੀ, ਮਾਤਾ ਦੇ ਨਾਂ ਅਤੇ ਪਿਤਾ ਦੇ ਨਾਂ ਦੀ ਸੋਧ ਸਬੰਧੀ ਕੋਰਟ ਕੇਸ ਕਰਨ ਲਈ ਜ਼ਿਲਾ ਅਦਾਲਤ, ਸਾਹਿਬਜਾਦਾ ਅਜੀਤ ਸਿੰਘ ਨਗਰ ਦੀ jurisdiction ਹੋਵੇਗੀ ਅਤੇ ਕੇਸ ਦਾਇਰ ਕਰਦੇ ਸਮੇਂ ਬੋਰਡ ਦੇ ਨਾਲ-ਨਾਲ ਸਬੰਧਤ ਸਕੂਲ ਨੂੰ ਪਾਰਟੀ ਬਣਾਉਣਾ ਲਾਜਮੀ ਹੋਵੇਗਾ ਜਿੱਥੋਂ ਪ੍ਰੀਖਿਆਰਥੀ ਵੱਲੋਂ ਸਬੰਧਤ ਪ੍ਰੀਖਿਆਵਾਂ ਪਾਸ ਕੀਤੀਆਂ ਗਈਆਂ ਹੋਣ।

8. ਜਿਹੜਾ ਬਿਨੈਕਾਰ ਨੌਕਰੀ ਵਿੱਚ ਹਾਜਰ ਹੋ ਗਿਆ ਹੋਵੇ ਉਹ ਆਪਣਾ ਬਿਨੈ-ਫਾਰਮ ਅਤੇ ਇਤਰਾਜਹੀਣਤਾ ਸਰਟੀਫਿਕੇਟ ਸਬੰਧਤ ਵਿਭਾਗ ਦੇ ਮੁੱਖੀ/ ਯੋਗ ਪ੍ਰਣਾਲੀ ਰਾਹੀਂ ਭੇਜੇ ।

9. (ੳ)ਸਕੂਲ ਵੱਲੋਂ ਦਾਖਲਾ ਫਾਰਮ ਭਰਦੇ ਸਮੇਂ ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਕੋਈ ਗਲਤੀ ਦੀ ਲੋੜੀਂਦੀ ਸੋਧ ਸੰਬੰਧਿਤ ਪ੍ਰੀਖਿਆ ਸ਼ਾਖਾ ਵੱਲੋਂ ਪ੍ਰਤੀ ਸੋਧ 1000/-ਰੁਪਏ ਦੀ ਫੀਸ ਨਾਲ ਸਕੂਲ ਰਿਕਾਰਡ ਦੇ ਅਧਾਰ ਤੇ ਸੋਧ ਕੀਤੀ ਜਾਵੇਗੀ ਬਸ਼ਰਤੇ ਇਹ ਗਲਤੀ ਸਰਟੀਫਿਕੇਟ ਜਾਰੀ ਹੋਣ ਦੇ ਦੋ ਸਾਲ ਦੇ ਅੰਦਰ-ਅੰਦਰ ਦਫਤਰ ਦੇ ਧਿਆਨ ਵਿੱਚ ਲਿਖਤੀ ਰੂਪ ਵਿੱਚ ਲਿਆਂਦੀ ਜਾਵੇ ।

(ਅ) ਦਫਤਰੀ ਪੱਧਰ ਤੇ ਜਨਮ ਮਿਤੀ/ ਪਿਤਾ/ ਮਾਤਾ ਦੇ ਨਾਂ ਵਿੱਚ ਹੋਈ ਗਲਤੀ ਨੂੰ ਸਕੱਤਰ ਜੀ ਦੀ ਪ੍ਰਵਾਨਗੀ ਨਾਲ ਸੋਧਿਆ ਜਾਵੇਗਾ/ ਜੇਕਰ ਇਹ ਗਲਤੀ ਸਰਟੀਫਿਕੇਟ ਜਾਰੀ ਹੋਣ ਦੀ ਮਿਤੀ ਤੋਂ ਦੋ ਸਾਲ ਦੇ ਅੰਦਰ-ਅੰਦਰ ਦਫਤਰ ਦੇ ਧਿਆਨ ਵਿੱਚ ਲਿਖਤੀ ਰੂਪ ਵਿੱਚ ਲਿਆਂਦੀ ਜਾਵੇ। ਇਸ ਸਬੰਧੀ ਕੋਈ ਫੀਸ ਨਹੀਂ ਲੱਗੇਗੀ ।

10. ਜਨਮ ਮਿਤੀ/ਪਿਤਾ/ਮਾਤਾ ਦੇ ਨਾਂ ਵਿੱਚ ਸੋਧ ਕਰਾਉਣ ਸੰਬੰਧੀ ਸਬੂਤ ਵਜੋਂ ਲੋੜੀਂਦੇ ਦਸਤਾਵੇਜ਼ ਦਫਤਰ ਵਿੱਚ ਪੇਸ਼ ਕਰਨ ਦੀ ਜ਼ਿੰਮੇਵਾਰੀ ਕੇਵਲ ਬਿਨੈਕਾਰ ਦੀ ਹੋਵੇਗੀ। ਚੈਕ ਲਿਸਟ ਅਨੁਸਾਰ ਮੰਗੇ ਗਏ ਸੋਧ ਸਬੰਧੀ ਦਸਤਾਵੇਜ਼ਾਂ ਦੀਆਂ ਫੋਟੋਸਟੇਟ ਕਾਪੀਆਂ ਗਜ਼ਟਿਡ ਅਧਿਕਾਰੀ ਤੋਂ ਤਸਦੀਕ ਹੋਣ। ਫਿਰ ਵੀ ਜੇਕਰ ਕੇਸ ਜਾਂ ਪ੍ਰਾਪਤ ਦਸਤਾਵੇਜ਼ਾਂ ਵਿੱਚ ਕੋਈ ਤਰੁੱਟੀ ਪਾਈ ਜਾਂਦੀ ਹੈ ਤਾਂ ਕੇਸ ਦੀ ਜ਼ਰੂਰਤ ਅਨੁਸਾਰ ਲੋੜੀਂਦੇ ਦਸਤਾਵੇਜ਼ਾਂ ਦੀ ਪੂਰਤੀ ਕਰਨਾ ਬਿਨੈਕਾਰ ਦੀ ਜਿੰਮੇਵਾਰੀ ਹੋਵੇਗੀ। ਇਸ ਸਬੰਧੀ ਦੇਰੀ ਦੀ ਸੂਰਤ ਵਿੱਚ ਦਫਤਰ ਜਿੰਮੇਵਾਰ ਨਹੀਂ ਹੋਵੇਗਾ।

11. ਸੋਧ ਹੋਣ ਉਪਰੰਤ ਸੋਧੇ ਵੇਰਵਿਆਂ ਅਨੁਸਾਰ ਬਿਨੈਕਾਰ ਨੂੰ ਦੁਪਰਤੀ ਸਰਟੀਫਿਕੇਟ ਲੈਣ ਵਾਲਾ ਫਾਰਮ ਹਰ ਪੱਖੋਂ ਮੁਕੰਮਲ ਕਰਕੇ ਲੋੜੀਂਦੀ ਫੀਸ ਸਮੇਤ ਦਫਤਰ ਨੂੰ ਭੇਜਣਾ ਪਵੇਗਾ ।

12. ਫਾਰਮ ਦੇ ਨਾਲ ਪ੍ਰੀਖਿਆਰਥੀ ਦਾ ਜਨਮ ਪ੍ਰਮਾਣ ਪੱਤਰ (ਅਸਲ) ਜ਼ਰੂਰ ਭੇਜਿਆ ਜਾਵੇ। ਸੋਧ ਹੋਣ ਉਪਰੰਤ ਇਹ ਅਸਲ ਜਨਮ ਪ੍ਰਮਾਣ ਪੱਤਰ ਦਫਤਰ ਜਮ੍ਹਾਂ ਹੋਵੇਗਾ ਅਤੇ ਵਾਪਸ ਨਹੀਂ ਕੀਤਾ ਜਾਵੇਗਾ।

ਨੋਟ:- ਪ੍ਰੀਖਿਆਰਥੀ ਹੇਠ ਦਿੱਤੀ ਚੈਕਲਿਸਟ ਅਨੁਸਾਰ ਸੋਧ ਦੇ ਦਸਤਾਵੇਜ਼ ਨੱਥੀ ਕਰੇ।

- ✓ ਪ੍ਰੀਖਿਆਰਥੀ ਦਾ ਅਸਲ ਜਨਮ ਸਰਟੀਫਿਕੇਟ (ਜੋ ਕਿ ਸੋਧ ਹੋਣ ਉਪਰੰਤ ਵਾਪਸ ਨਹੀਂ ਕੀਤਾ ਜਾਵੇਗਾ
- ✓ ਰਾਸ਼ਨ ਕਾਰਡ/ ਅਧਾਰ ਕਾਰਡ (ਤਸਦੀਕ ਕਾਪੀ)
- ✓ ਹਲਫੀਆ ਬਿਆਨ ਪਹਿਲਾ ਦਰਜਾ ਮਜਿਸਟ੍ਰੇਟ ਵੱਲੋਂ ਤਸਦੀਕਸ਼ੁਦਾ ਪਿਤਾ ਜਾਂ ਮਾਤਾ ਵੱਲੋਂ ਬਾਕੀ ਬੱਚਿਆਂ ਦੇ ਨਾਮ ਅਤੇ ਜਨਮ ਮਿਤੀਆਂ ਸਬੰਧੀ।
- ✓ ਵੋਟਰ ਕਾਰਡ (ਤਸਦੀਕ ਕਾਪੀ)
- ✓ ਯੋਗਤਾ ਸਰਟੀਫਿਕੇਟ (ਅਸਲ ) ਪੰਜਵੀਂ / ਅੱਠਵੀਂ/ ਦਸਵੀਂ/ ਬਾਰਵੀਂ ਦੇ
- ✓ ਗਲਤੀ ਹੋਣ ਸਬੰਧੀ ਸਪਸ਼ਟੀਕਰਣ
- ✓ ਭੈਣ ਭਰਾਵਾਂ ਦੇ ਜਨਮ ਸਰਟੀਫਿਕੇਟਾਂ/ ਯੋਗਤਾ ਸਰਟੀਫਿਕੇਟਾਂ ਦੀਆਂ ਤਸਦੀਕ ਫੋਟੋਕਾਪੀਆਂ।

<u>ਹਲਫੀਆ ਬਿਆਨ ਦਾ ਨਮੂਨਾ</u>

<u>ਬਿਨੈਕਾਰ ਵੱਲੋਂ (ਜੇਕਰ ਬਿਨੈਕਾਰ ਬਾਲਗ ਹੈ)</u>

ਮੈਂ ...................... ਪੁੱਤਰ/ ਪੁੱਤਰੀ ਸ਼੍ਰੀ ...............ਵਾਸੀ.................... ਤਹਿਸੀਲ ..................ਜਿਲਾ.....................ਦਾ ਰਹਿਣ ਵਾਲਾ/ ਵਾਲੀ ਹਾਂ। ਮੈਂ ਹੇਠ ਲਿਖਤ ਬਿਆਨ ਕਰਦਾ/ ਕਰਦੀ ਹਾਂ ਕਿ :-

1. ਇਹ ਕਿ ਮੈਂ ਉਕਤ ਪਤੇ ਦਾ ਪੱਕਾ/ਪੱਕੀ ਵਸਨੀਕ ਹਾਂ।

2. ਇਹ ਕਿ ਮੇਰਾ ਨਾਂ..............., ਪਿਤਾ/ ਮਾਤਾ ਦਾ ਨਾਂ ਸ਼੍ਰੀ.................../ ਸ਼੍ਰੀਮਤੀ........... ਹੈ, ਜੋ ਕਿ ਸਹੀ ਵਾ ਦਰੁਸਤ ਹੈ।

3. ਮੇਰੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਮੇਰੀ ਜਨਮ ਮਿਤੀ ...............ਛਪੀ ਹੈ ਜੋ ਮੇਰੇ ਜਨਮ ਮਿਤੀ ਦੇ ਰਿਕਾਰਡ ਅਨੁਸਾਰ ਸਹੀ ਨਹੀਂ ਹੈ। ਮੇਰੇ ਜਨਮ ਸਰਟੀਫਿਕੇਟ ਅਨੁਸਾਰ ਸਹੀ ਜਨਮ ਮਿਤੀ............ ਹੈ।

4. ਮੇਰੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਮੇਰੇ ਪਿਤਾ ਦਾ ਨਾਂ ਗਲਤ............. ਛਪਿਆ ਹੈ। ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ....................ਹੈ ਅਤੇ ਮਾਤਾ ਦਾ ਨਾਂ ਗਲਤ........................ਛਪਿਆ ਹੈ, ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ................ ਹੈ।

5. ਅਸੀਂ ਕੁੱਲ........... ਭੈਣ / ਭਰਾ ਹਾਂ। ਜਿਨਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ।

   I. ਨਾਂ ............ ਜਨਮ ਮਿਤੀ.......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   II. ਨਾਂ ............ ਜਨਮ ਮਿਤੀ.......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   III. ਨਾਂ ............ ਜਨਮ ਮਿਤੀ.......... ਪਿਤਾ ਦਾ ਨਾਂ..........ਮਾਤਾ ਦਾ ਨਾਂ............
   IV. ਨਾਂ ............ ਜਨਮ ਮਿਤੀ.......... ਪਿਤਾ ਦਾ ਨਾਂ..........ਮਾਤਾ ਦਾ ਨਾਂ............

6. ਮੇਰੀ ਜਨਮ ਮਿਤੀ ਸਕੂਲ ਦੇ ਰਿਕਾਰਡ ਵਿੱਚ .........ਗਲਤ ਲਿਖੀ ਹੈ ਜਦੋਂ ਕਿ ਜਨਮ ਸਰਟੀਫਿਕੇਟ ਅਨੁਸਾਰ ਸਹੀ ਜਨਮ ਮਿਤੀ ................. ਹੈ।

7. ਮੇਰੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਕੇਸ ਦਰਜ ਹੈ।

ਮਿਤੀ:-........................ (ਬਿਨੈਕਾਰ ਦੇ ਹਸਤਾਖਰ)

ਸਥਾਨ:-........................

ਵੈਰੀਫਿਕੇਸ਼ਨ:- ਇਹ ਕਿ ਉਕਤ ਹਲਫੀਆ ਬਿਆਨ ਦੇ ਤੱਥ ਸਹੀ ਅਤੇ ਰਿਕਾਰਡ ਅਨੁਸਾਰ ਹਨ ਅਤੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ।

ਮਿਤੀ:-........................ (ਬਿਨੈਕਾਰ ਦੇ ਹਸਤਾਖਰ)

ਸਥਾਨ:-........................

ਨੋਟ:- ਜੇਕਰ ਕਿਸੇ ਭੈਣ-ਭਰਾ ਦੀ ਮੌਤ ਵੀ ਹੋ ਚੁੱਕੀ ਹੋਵੇ ਤਾਂ ਵੀ ਉਪਰੋਕਤ ਕਾਲਮ ਨੰ:5 ਵਿੱਚ ਵੇਰਵੇ ਦਰਜ ਕੀਤੇ ਜਾਣ।

## ਹਲਫੀਆ ਬਿਆਨ ਦਾ ਨਮੂਨਾ

### ਮਾਤਾ /ਪਿਤਾ ਵੱਲੋਂ (ਜੇਕਰ ਬਿਨੈਕਾਰ ਨਾਬਾਲਗ ਹੈ)

ਮੈਂ ..................... ਪੁੱਤਰ/ ਪੁੱਤਰੀ ਸ਼੍ਰੀ ..............ਵਾਸੀ.................... ਤਹਿਸੀਲ .................ਜਿਲਾ....................ਦਾ ਰਹਿਣ ਵਾਲਾ/ ਵਾਲੀ ਹਾਂ। ਮੈਂ ਹੇਠ ਲਿਖਤ ਬਿਆਨ ਕਰਦਾ/ ਕਰਦੀ ਹਾਂ ਕਿ :-

1. ਇਹ ਕਿ ਮੈਂ ਉਕਤ ਪਤੇ ਦਾ ਪੱਕਾ/ਪੱਕੀ ਵਸਨੀਕ ਹਾਂ।

2. ਇਹ ਕਿ ਮੇਰੇ ਬੱਚੇ ਦਾ ਨਾਂ.............., ਪਿਤਾ/ ਮਾਤਾ ਦਾ ਨਾਂ ਸ਼੍ਰੀ................../ ਸ਼੍ਰੀਮਤੀ........... ਹੈ, ਜੋ ਕਿ ਸਹੀ ਵਾ ਦਰੁਸਤ ਹੈ।

3. ਮੇਰੇ ਬੱਚੇ ਦੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਉਸਦੀ ਜਨਮ ਮਿਤੀ ...............ਛਪੀ ਹੈ ਜੋ ਉਸਦੇ ਜਨਮ ਮਿਤੀ ਦੇ ਰਿਕਾਰਡ ਅਨੁਸਾਰ ਸਹੀ ਨਹੀਂ ਹੈ। ਉਸਦੇ ਜਨਮ ਸਰਟੀਫਿਕੇਟ ਅਨੁਸਾਰ ਉਸਦੀ ਸਹੀ ਜਨਮ ਮਿਤੀ............ ਹੈ।

4. ਮੇਰੇ ਬੱਚੇ ਦੇ ਵਿਦਿਅਕ ਯੋਗਤਾ ਸਰਟੀਫਿਕੇਟਾਂ ਤੇ ਪਿਤਾ ਦਾ ਨਾਂ ਗਲਤ............. ਛਪਿਆ ਹੈ। ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ....................ਹੈ ਅਤੇ ਮਾਤਾ ਦਾ ਨਾਂ ਗਲਤ.......................ਛਪਿਆ ਹੈ। ਸਹੀ ਨਾਮ ਜਨਮ ਸਰਟੀਫਿਕੇਟ ਅਨੁਸਾਰ ................ ਹੈ।

5. ਮੇਰੇ ਕੁੱਲ..........ਬੱਚੇ ਹਨ। ਜਿਨਾਂ ਦੇ ਵੇਰਵੇ ਹੇਠ ਲਿਖੇ ਅਨੁਸਾਰ ਹਨ।

I. ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ.........ਮਾਤਾ ਦਾ ਨਾਂ............

II. ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ.........ਮਾਤਾ ਦਾ ਨਾਂ............

III. ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ.........ਮਾਤਾ ਦਾ ਨਾਂ............

IV. ਨਾਂ ........... ਜਨਮ ਮਿਤੀ......... ਪਿਤਾ ਦਾ ਨਾਂ.........ਮਾਤਾ ਦਾ ਨਾਂ............

6. ਮੇਰੇ ਬੱਚੇ ਦੀ ਜਨਮ ਮਿਤੀ ਸਕੂਲ ਦੇ ਰਿਕਾਰਡ ਵਿੱਚ ........ਗਲਤ ਲਿਖੀ ਹੈ ਜਦੋਂ ਕਿ ਜਨਮ ਸਰਟੀਫਿਕੇਟ ਅਨੁਸਾਰ ਸਹੀ ਜਨਮ ਮਿਤੀ.................. ਹੈ।

7. ਮੇਰੇ ਬੱਚੇ ਦੇ ਖਿਲਾਫ ਕਿਸੇ ਵੀ ਅਦਾਲਤ ਵਿੱਚ ਕੋਈ ਵੀ ਕਾਨੂੰਨੀ ਕਾਰਵਾਈ ਨਹੀਂ ਚੱਲ ਰਹੀ ਅਤੇ ਨਾ ਹੀ ਕੋਈ ਕੇਸ ਦਰਜ ਹੈ।

ਮਿਤੀ:-....................... (ਬਿਨੈਕਾਰ ਦੇ ਹਸਤਾਖਰ)

ਸਥਾਨ:-.......................

ਵੈਰੀਫਿਕੇਸ਼ਨ:- ਇਹ ਕਿ ਉਕਤ ਹਲਫੀਆ ਬਿਆਨ ਦੇ ਤੱਥ ਸਹੀ ਅਤੇ ਰਿਕਾਰਡ ਅਨੁਸਾਰ ਹਨ ਅਤੇ ਕੋਈ ਵੀ ਤੱਥ ਛੁਪਾਇਆ ਨਹੀਂ ਗਿਆ।

ਮਿਤੀ:-....................... (ਬਿਨੈਕਾਰ ਦੇ ਹਸਤਾਖਰ)

ਸਥਾਨ:-.......................

ਨੋਟ:- ਜੇਕਰ ਕਿਸੇ ਬੱਚੇ ਦੀ ਮੌਤ ਵੀ ਹੋ ਚੁੱਕੀ ਹੋਵੇ ਤਾਂ ਵੀ ਉਪਰੋਕਤ ਕਾਲਮ ਨੰ:5 ਵਿੱਚ ਵੇਰਵੇ ਦਰਜ ਕੀਤੇ ਜਾਣ।